# ਕੇਂਸਰ

ਕੇਂਸਰ ਨੇ ਮੇਰਾ ਭਾਈ ਖਾਧਾ
ਕੇਂਸਰ ਖਾਧੀ ਭੇਣ
ਓ ਰੱਬਾ ਸੇਜਲ ਮੇਰੇ ਨੈਣ

ਹੋਣੀ ਨੇ ਕੀ ਕੇਹਰ ਕਮਾਇਆ
ਸਾਰੇ ਲੋਕੀਂ ਕਹਣ

ਕਿਸੇ ਦੇ ਲਈ   ਤਾਂ ਭੁਖ ਹੀ ਕੇਂਸਰ
ਦੂਜੇ ਦੇ ਲਈ ਦੁਖ ਹੀ ਕੇਂਸਰ
ਕੇਂਸਰ ਦਾ ਦੁਖ  ਓਹ ਹੀ ਜਾਨਣ
ਜਿਹੜੇ ਕੇਂਸਰ ਸਹਿਣ

ਕੇਂਸਰ ਮੂਹਰੇ  ਤਣ   ਗਈ ਸੀ ਓਹ
ਝਾਂਸੀ ਰਾਣੀ ਬਣ ਗਈ ਸੀ ਓਹ
ਆਖਰ ਦੇ ਵਿਚ ਕੇਂਸਰ  ਜਿੱਤਿਆ
ਚਾਰੀਂ ਪਾਸੀਂ ਵੈਣ

ਥੋੜੀ ਦੂਰ ਬਠਿੰਡਾ ਪੈਂਦਾ
ਜਿਥੇ ਕੇਂਸਰ ਰਹੇ ਦਰਿੰਦਾ
ਸੁਪਨੇ ਦੇ ਵਿਚ ਉਠ ਕੇ ਲੋਕੀਂ
ਕੇਂਸਰ ਕੇਂਸਰ ਕਹਿਣ

ਥਾਣੇਦਾਰ ਦੀ ਸਾਲੀ ਹੋਵੇ
ਸੀ ਆਮ ਦੇ ਘਰ ਵਾਲੀ ਹੋਵੇ
ਛੋਟਾ ਵੱਡਾ ਨਹੀਂ ਬਖਸ਼ਦੀ
ਕੇਂਸਰ  ਰੂਪੀ  ਡੇਨ

ਓ ਰੱਬਾ ਸੇਜਲ ਮੇਰੇ ਨੈਣ